ਨੰ: 1/13/2007-ਰਸ-1/ 428

ਪੰਜਾਬ ਸਰਕਾਰ
ਭਲਾਈ ਵਿਭਾਗ
(ਰਿਜ਼ਰਵੇਸ਼ਨ ਸੈਲ)

ਸੇਵਾ ਵਿਖੇ,

ਰਾਜ ਦੇ ਸਮੂਹ ਡਿਪਟੀ ਕਮਿਸ਼ਨਰ ।

ਮਿਤੀ, ਚੰਡੀਗੜ੍ਹ , 18ਮਾਰਚ, 2009

ਵਿਸ਼ਾ : ਵਿਮੁਕੱਤ ਜਾਤੀਆਂ ਨੂੰ ਜਾਤੀ ਸਰਟੀਫਿਕੇਟ ਜਾਰੀ ਕਰਨ ਸਮੇਂ ਬਰੈਕਟ ਵਿੱਚ ਸ਼ਬਦ 'ਵਿਮੁਕੱਤ ਜਾਤੀ' ਲਿਖਣ ਸਬੰਧੀ ।

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਦਾ ਧਿਆਨ ਸਰਕਾਰ ਦੇ ਪੱਤਰ ਨੰ: 10/1/96-2 ਐਸ.ਸੀ.ਡਬਲਯੂ-1/7143, ਮਿਤੀ 6-9-1996 ਵੱਲ ਦਿਵਾਉਣ ਅਤੇ ਇਹ ਲਿਖਣ ਦੀ ਹਦਾਇਤ ਹੋਈ ਹੈ ਕਿ ਇਸ ਪੱਤਰ ਨਾਲ ਜਾਰੀ ਕੀਤੀ ਗਈ ਜਾਤੀਆਂ ਦੀ ਸੂਚੀ ਦੇ ਸਿਰਲੇਖ ਦੀ ਥਾਂ ਹੇਠ ਲਿਖਿਆ ਸਿਰਲੇਖ ਪੜ੍ਹਨ ਦੀ ਖੇਚਲ ਕੀਤੀ ਜਾਵੇ:-

**LIST OF VIMUKAT JATIS IN PUNJAB STATE**

ਇਸ ਸਬੰਧ ਵਿੱਚ ਮੈਂ ਆਪ ਜੀ ਦਾ ਧਿਆਨ ਸਰਕਾਰ ਵਲੋਂ ਜਾਰੀ ਪੱਤਰ ਨੰ: 10/1/96-2 ਐਸ.ਸੀ.ਡਬਲਿਊ-1/81, ਮਿਤੀ 27-1-2001 ਵੱਲ ਦਿਵਾਉਣਾ ਚਾਹੁੰਦਾ ਹਾਂ ਜਿਸ ਅਨੁਸਾਰ ਇਹ ਪਹਿਲੇ ਹੀ ਸਪਸ਼ਟ ਕੀਤਾ ਜਾ ਚੁੱਕਾ ਹੈ ਕਿ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਕੇਵਲ ਸੰਵਿਧਾਨਕ ਹੁਕਮ (ਅਨੁਸੂਚਿਤ ਜਾਤੀ), 1950 ਵਿੱਚ ਪੰਜਾਬ ਰਾਜ ਲਈ ਸਬੰਧਤ ਦਰਜ ਅਨੁਸੂਚਿਤ ਜਾਤੀ ਦੀ ਲਿਸਟ ਮੁਤਾਬਕ ਹੀ ਇਹ ਸਰਟੀਫਿਕੇਟ ਜਾਰੀ ਕੀਤੇ ਜਾਣੇ ਹਨ, ਹੋਰ ਕਿਸੇ ਵੀ ਲਿਸਟ ਮੁਤਾਬਕ ਅਜਿਹਾ ਸਰਟੀਫਿਕੇਟ ਅਨੁਚਿਤ ਤੇ ਗੈਰ-ਕਾਨੂੰਨੀ ਹੋਵੇਗਾ। ਆਪ ਜੀ ਦੀ ਜਾਣਕਾਰੀ ਲਈ ਉਪਰੋਕਤ ਲਿਸਟ ਦੁਬਾਰਾ ਫਿਰ ਨਾਲ ਨੱਥੀ ਕੀਤੀ ਜਾਂਦੀ ਹੈ। ਇਸ ਤਰਾਂ ਇਸ ਵਿਭਾਗ ਦੇ ਸਰਕੂਲਰ ਪੱਤਰ ਮਿਤੀ 6-9-1996 ਅਨੁਸਾਰ ਵਿਮੁਕਤ ਜਾਤੀ ਦੀ ਲਿਸਟ ਵੀ ਨਾਲ ਨੱਥੀ ਕੀਤੀ ਜਾ ਰਹੀ ਹੈ। ਅਨੁਸੂਚਿਤ ਜਾਤੀ (ਵਿਮੁਕਤ ਜਾਤੀ) ਸਰਟੀਫਿਕੇਟ ਕੇਵਲ ਉਹਨਾਂ ਵਿਮੁਕਤ ਜਾਤੀਆਂ ਲਈ ਹੀ ਜਾਰੀ ਕੀਤਾ ਜਾਣਾ ਹੈ ਜਿਨ੍ਹਾਂ ਦਾ ਨਾਂ ਸੰਵਿਧਾਨਕ ਹੁਕਮ (ਅਨੁਸੂਚਿਤ ਜਾਤੀ), 1950 ਵਿੱਚ ਦਰਜ ਹੈ ।

ਸਰਕਾਰ ਦਾ ਇਹ ਫੈਸਲਾ ਜਾਤੀ ਸਰਟੀਫਿਕੇਟ ਜਾਰੀ ਕਰਨ ਵਾਲੇ ਸਮੂਹ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਣ ਦੀ ਖੇਚਲ ਕੀਤੀ ਜਾਵੇ ।

ਵਿਸ਼ਵਾਸਪਾਤਰ

ਸੰਯੁਕਤ ਡਾਇਰੈਕਟਰ ਭਲਾਈ

## LIST OF VIMUKAT JATIS INCLUDED IN THE SCHEDULED CASTES LIST OF PUNJAB STATE.

1. Bhangali
2. Brara
3. Bauria
4. Nat
5. Gandhila
6. Bazigar
7. Sansi (including the following sub castes)

    1. Kuch hand
    2. Bhedkut
    3. Manesh
    4. Gadria
    5. Bachhbans
    6. Kopet
    7. Aheria
    8. Tettlu
    9. Bheria
    10. Arhar
    11. Bhantu
    12. Chattu
    13. Bhattu
    14. Habura
    15. Kikan
    16. Harrar
    17. Khola
    18. Behlowala
    19. Biddu
    20. Langeh
    21. Singiwala
    22. Kanjar
    23. Mirshkari
    24. Bhaginarmaur
    25. Kingicut
    26. Dhe
    27. Kalkinar
    28. Chaddi or Chadi
    29. Birtwal
    30. Biharia
    31. Pakhlwara
    32. Haddon
    33. Haria